# ਪ੍ਰਭੂ ਦੀ ਦੁਆ
## ਮੱਤੀ 6:9-13

*''ਹੇ ਸਾਡੇ ਪਿਤਾ, ਜਿਹੜਾ ਸੁਰਗ ਵਿਚ ਹੈਂ, ਤੇਰਾ ਨਾਮ ਪਾਕ ਮੰਨਿਆ ਜਾਵੇ, ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿਚ ਪੂਰੀ ਹੁੰਦੀ ਹੈ ਜ਼ਮੀਨ ਉੱਤੇ ਵੀ ਹੋਵੇ। ਸਾਡੀ ਰੋਜ਼ ਦੀ ਰੋਟੀ ਅੱਜ ਸਾਨੂੰ ਦਿਹ, ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸੀਂ ਆਪਣੇ ਕਰਜ਼ਾਈਆਂ ਨੂੰ ਮਾਫ਼ ਕੀਤਾ ਹੈ। ਅਤੇ ਸਾਨੂੰ ਪਰਤਾਵੇ ਵਿਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ [ਕਿਉਂ ਜੋ ਰਾਜ, ਕੁਦਰਤ ਅਰ ਜਲਾਲ ਤੇਰੇ ਹੀ ਹਨ। ਆਮੀਨ।]'' (ਮੱਤੀ 6:9–13; ਵੀ ਵੇਖੋ ਲੂਕਾ 11:2–4)।*

ਇਨ੍ਹਾਂ ਪਾਠਾਂ ਨੂੰ ਲਿਖਣਾ ਮੇਰੀ ਸੇਵਕਾਈ ਵਿਚ ਸਭ ਤੋਂ ਦੀਨ ਕਰਨ ਵਾਲਾ ਤਜੁਰਬਾ ਰਿਹਾ ਹੈ। ਦੁਆ ਖ਼ੁਦਾ ਅੱਗੇ ਭਗਤੀ ਅਤੇ ਸਮਰਪਣ ਹੈ। ਇਸ ਵਿਚ ਮੈਂ ਖ਼ੁਦਾ ਨਾਲ ਗੱਲ ਕਰ ਸਕਦਾ ਹਾਂ! ਮੈਂ ਖ਼ੁਦਾ ਦੀ ਗੱਲ ਸੁਣ ਸਕਦਾ ਹਾਂ! ਖ਼ੁਦਾ ਮੇਰੀ ਜ਼ਿੰਦਗੀ ਵਿਚ ਹਰ ਰੋਜ਼ ਕੰਮ ਕਰਦਾ ਹੈ! ਹੁਣ ਅਸੀਂ ''ਪ੍ਰਭੂ ਦੀ ਦੁਆ'' ਵੱਲ ਆਈਏ। ਮੇਰੀ ਕਲਮ ਕੰਬ ਰਹੀ ਹੈ ਕਿਉਂਕਿ ਇਹ ਪਾਕ ਭੂਮੀ ਹੈ। ਕੁਝ ਲੋਕਾਂ ਨੂੰ ਇਸ ਤੋਂ ਪਰੇਸ਼ਾਨੀ ਹੈ, ਉਨ੍ਹਾਂ ਨੂੰ ਪਰੇਸ਼ਾਨੀ ਕਿਉਂ ਹੈ? ਮਸੀਹ ਇਸ ਦਾ ਦੇਣ ਵਾਲਾ ਹੈ; ਇਹ ਉਸੇ ਹੀ ਦੀ ਹੈ, ਨਾ ਕਿ ਪਤਰਸ ਜਾਂ ਪੌਲੁਸ ਦੀ। ਲੇਖਕ ਨੂੰ ਆਪਣੀ ਕਿਤਾਬ ਪੜ੍ਹਨ ਦੀ ਲੋੜ ਨਹੀਂ ਹੁੰਦੀ; ਕਿਉਂਕਿ ਉਸੇ ਨੇ ਤਾਂ ਇਸ ਨੂੰ ਲਿਖਿਆ ਹੈ। ਕੁਝ ਲੋਕ ਇਸ ਨੂੰ ਗਾਉਣ ਵਾਲਿਆਂ ਨੂੰ ਗ਼ਲਤ ਆਖਦੇ ਹਨ। ਇਸ ਨਾਲ ਵੱਡੀਆਂ ਮੁਸ਼ਕਿਲਾਂ ਖੜੀਆਂ ਹੋ ਜਾਂਦੀਆਂ ਹਨ–ਕੀ ਬਾਈਬਲ ਦੀ ਕਿਸੇ ਆਇਤ ਨੂੰ ਗਾਉਣਾ ਗ਼ਲਤ ਹੈ?

ਚੇਲਿਆਂ ਨੇ ਬੇਨਤੀ ਕੀਤੀ ਕਿ ''ਸਾਨੂੰ ਪ੍ਰਾਰਥਨਾ ਕਰਨਾ ਸਿਖਾ ਦੇ।'' ਯਿਸੂ ਨੇ ਸਿਖਾ ਦਿੱਤੀ। ਉਸਨੇ ਉਨ੍ਹਾਂ ਨੂੰ ਇਕ ਦੁਆ ਦੱਸੀ। ਉਸ ਨੇ ਉਨ੍ਹਾਂ ਨੂੰ ਕੋਈ ਤਕਨੀਕ, ਫ਼ਾਰਮੂਲਾ, ਬੰਦਗੀ ਦਾ ਢੰਗ, ਗਾਉਣ ਜਾਂ ਸਮੱਗਰੀ ਨਹੀਂ ਦਿੱਤੀ, ਬਲਕਿ ਉਸਨੇ ਉਨ੍ਹਾਂ ਨੂੰ ਇਕ ਦੁਆ ਦਿੱਤੀ। ਇਸ ਸੰਖੇਪ, ਅਸਾਨ ਜਿਹੀ ਦੁਆ ਵਿਚ ਦੁਆ ਦੇ ਸਾਰੇ ਸਿਧਾਂਤ ਹਨ। ਇਸ ਵਿਚ ਯਿਸੂ ਸਾਨੂੰ ਦੁਆ ਕਰਨਾ ਸਿਖਾਉਂਦਾ ਹੈ। ਲੂਕਾ ਦੱਸਦਾ ਹੈ ਕਿ ''ਜਦ ਤੁਸੀਂ ਦੁਆ ਕਰੋ ਤਾਂ ਕਹੋ।'' ਇਸ ਦੁਆ ਨੂੰ ਯਾਦ ਕਰਨਾ ਵਚਨ ਦੇ ਮੁਤਾਬਕ ਹੈ। ਇਸ ਦੁਆ ਨੂੰ ਬੋਲਣਾ ਵਚਨ ਦੇ ਮੁਤਾਬਕ ਹੈ। ਇਸ ਦੁਆ ਨੂੰ ਸਿਖਾਉਣਾ ਵਚਨ ਦੇ ਮੁਤਾਬਕ ਹੈ (ਯਿਸੂ ਨੇ ਸਿਖਾਈ)। ਇਸ ਪੈਟਰਨ ਵਿਚ ਸਭ ਦੁਆਵਾਂ ਆ ਜਾਂਦੀਆਂ ਹਨ। ਕੀ ਸਾਨੂੰ ਇਸ ਨੂੰ ਇਵੇਂ ਹੀ ''ਲੰਘ ਜਾਣਾ'' ਚਾਹੀਦਾ ਹੈ? ਇਹ ਤਾਂ ਚੰਗੀ ਗੱਲ ਨਹੀਂ ਹੈ।

ਇਕ ਅਸੀਮ ਵਿਸ਼ੇ (ਦੁਆ) ਨੂੰ ਸਿਰਫ਼ ਕੁਝ ਸ਼ਬਦਾਂ ਵਿਚ ਹੀ ਦੱਸ ਦਿੱਤਾ ਗਿਆ। ਜ਼ਬੂਰ 23 ਦੇ ਬਾਅਦ, ਬਾਈਬਲ ਵਿਚ ਸਭ ਤੋਂ ਵੱਧ ਇਸੇ ਨੂੰ ਹੀ ਲੋਕ ਜਾਣਦੇ ਅਤੇ ਇਸਤੇਮਾਲ ਕਰਦੇ ਹਨ। ਇਸ ਦੀ ਸੰਖੇਪਤਾ ਹੈਰਾਨ ਕਰਨ ਵਾਲੀ ਹੈ। ਇਸ ਨੇ ਕਲੀਸੀਆ ਦੇ ਭਵਨ ਵਿਚ ਇਕ ਭਰਾ ਨੂੰ ਬਹੁਤ ਲੰਮੀ ਦੁਆ ਕਰਦਿਆਂ ਵੇਖ ਕੇ ਹਿਸਾਬ ਲਾਇਆ; ''ਉਹ ਆਪਣੇ ਘਰ ਦੇ ਛੋਟੇ ਕਮਰੇ ਵਿਚ ਦੁਆ ਨਹੀਂ ਕਰਦਾ ਹੋਵੇਗਾ।'' ਪ੍ਰਭੂ ਦੀ ਦੁਆ ਨੂੰ ਕਹਿਣ ਲਈ ਇਕ ਮਿੰਟ ਨਾਲੋਂ ਘੱਟ ਸਮਾਂ ਲਗਦਾ ਹੈ; ਪਰ ਇਸਦਾ ਮਤਲਬ ਬਹੁਤ ਡੂੰਘਾ ਹੈ:

(1) ਪਹਿਲਾ ਹਿੱਸਾ (ਰੋਜ਼ ਦੀ ਰੋਟੀ) ਜਿਸਮਾਨੀ ਲੋੜਾਂ ਨਾਲ ਸਬੰਧਿਤ ਹੈ।

(2) ਦੂਜਾ (ਮਾਫ਼ੀ) ਸਬੰਧ ਦੀਆਂ ਲੋੜਾਂ ਨਾਲ ਜੁੜਿਆ ਹੋਇਆ ਹੈ।

(3) ਤੀਜਾ (ਅਜ਼ਮਾਇਸ਼) ਰੂਹਾਨੀ ਲੋੜਾਂ ਦੀ ਗੱਲ ਕਰਦਾ ਹੈ।

ਗੰਭੀਰ ਦੁਆ ਸਾਦਾ ਹੁੰਦੀ ਹੈ। ਅਸਲ ਵਿਚ, ਬਾਈਬਲ ਦੇ ਮਹਾਨ ਲੋਕਾਂ ਦੀਆਂ ਦੁਆਵਾਂ ਤੋਂ ਅਜਿਹੀ ਸਾਦਗੀ ਮਿਲਦੀ ਹੈ ਜਿਸ ਵਿਚ ਵਿਸਤਾਰ ਨਾਲ ਦੱਸਣ ਦੀ ਲੋੜ ਨਹੀਂ ਹੈ।

ਤੁਹਾਡੀਆਂ ਦੁਆਵਾਂ ਦੀ ਲੰਬਾਈ ਨਹੀਂ–
ਕਿ ਉਹ ਕਿੰਨੀਆਂ ਲੰਮੀਆਂ ਹਨ।
ਤੁਹਾਡੀਆਂ ਦੁਆਵਾਂ ਦੀ ਗਿਣਤੀ ਨਹੀਂ–
ਕਿ ਉਹ ਕਿੰਨੀਆਂ ਹਨ।
ਤੁਹਾਡੀਆਂ ਦੁਆਵਾਂ ਦੇ ਬੋਲ ਨਹੀਂ–
ਕਿ ਉਹ ਕਿੰਨੇ ਮਿੱਠੇ ਹਨ।
ਤੁਹਾਡੀਆਂ ਦੁਆਵਾਂ ਦਾ ਸੁਆਰਾਪਨ ਨਹੀਂ–
ਕਿ ਉਹ ਕਿੰਨੀ ਸੁਚੱਜੀਆਂ ਹਨ।
ਤੁਹਾਡੀਆਂ ਦੁਆਵਾਂ ਦੀ ਉਚਿਆਈ ਨਹੀਂ–
ਕਿ ਉਹ ਕਿੰਨੀਆਂ ਵੱਡੀਆਂ ਹਨ।
ਤੁਹਾਡੀਆਂ ਦੁਆਵਾਂ ਦੀ ਚੌੜਾਈ ਨਹੀਂ–
ਕਿ ਉਹ ਕਿੰਨੀ ਦੂਰ ਤਕ ਅਸਰ ਕਰਨ ਵਾਲੀਆਂ ਹੋਣਗੀਆਂ।
ਬਲਕਿ ਤੁਹਾਡੀਆਂ ਦੁਆਵਾਂ ਦੀ ਸ਼ਕਤੀ ਹੈ
ਜਿਹੜੀ ਖ਼ੁਦਾ ਨਾਲ ਸਹੀ ਮਨ ਵਿੱਚੋਂ ਨਿੱਕਲਦੀ ਹੈ।

ਨਮੂਨੇ ਦੀ ਦੁਆ ਮੁਕੱਮਲ, ਬਲਕਿ ਹਰ ਤਰ੍ਹਾਂ ਨਾਲ ਮੁਕੱਮਲ ਹੈ। ਭਾਵੇਂ ਇਹ ਸਰਲ ਤੇ ਸੰਖੇਪ ਹੈ, ਪਰ ਇਸ ਵਿਚ ਹੋਰ ਕੁਝ ਵੀ ਜੋੜਿਆ ਨਹੀਂ ਜਾ ਸਕਦਾ। ਇਸ ਵਿਚ ਉਸਤਤ, ਧੰਨਵਾਦ, ਭਰੋਸਾ, ਬੇਨਤੀ, ਮਾਫ਼ੀ ਅਤੇ ਅਗਵਾਈ ਸਭ ਹੈ। ਇਹ ਕਰਨ ਲਈ ਬੰਦਗੀ ਦਾ ਨਿਅਮ ਨਹੀਂ ਹੈ, ਬਲਕਿ ਮੰਨਣ ਲਈ ਨਮੂਨਾ ਹੈ। ਇਸ ਨੂੰ ਜਾਣੋ।

## "ਹੇ ਸਾਡੇ ਪਿਤਾ, ਤੂੰ ਜੋ ਸੁਰਗ ਵਿਚ ਹੈਂ"

ਕੀ ਉੱਪਰ ਕੋਈ ਖ਼ੁਦਾ ਹੈ?
ਕੀ ਉਹ ਜਾਣਦਾ ਹੈ? ਪਰਵਾਹ ਕਰਦਾ ਹੈ? ਕਾਜ ਕਰਦਾ ਹੈ?
ਕੀ ਉਹ ਮੈਨੂੰ ਜਾਣਦਾ ਅਤੇ ਮੇਰੀ ਪਰਵਾਹ ਕਰਦਾ ਹੈ?

ਇਹ ਮਨੁੱਖ ਦੀ ਹਾਲਤ ਹੈ। ਇਸੇ ਲਈ ਮਨੁੱਖ ਦੁਆ ਦੀ ਲਾਲਸਾ ਕਰਦਾ ਹੈ। ਯਿਸੂ ਇਨ੍ਹਾਂ ਸਭ ਸਵਾਲਾਂ ਦੇ ਜਵਾਬ ''ਹਾਂ'' ਵਿਚ ਦਿੰਦਾ ਹੈ। ਇਕ ਸ਼ਾਨਦਾਰ ਵਾਕ ਵਿਚ ਸਾਡੀ ਦੀਨਤਾ ਪੱਕੀ ਕੀਤੀ ਜਾਂਦੀ ਹੈ, ਭਾਵੇਂ ਇਸ ਵਿਚ ਸਾਡਾ ਸਨਮਾਨ ਕਾਇਮ ਰੱਖਿਆ ਜਾਂਦਾ ਹੈ।

*''ਪਿਤਾ!''* ਸੰਸਾਰ ਨੇ ਕਦੀ ਖ਼ੁਦਾ ਨੂੰ ਪਿਤਾ ਦੇ ਰੂਪ ਵਿਚ ਨਹੀਂ ਵੇਖਿਆ ਹੈ। ਯਹੂਦੀ ਲੋਕ ਵੀ ਖ਼ੁਦਾ ਨੂੰ ਪਿਤਾ ਦੇ ਰੂਪ ਵਿਚ ਤਮਾਮ ਯਹੂਦੀ ਕੌਮ ਲਈ ਹੀ ਮੰਨਦੇ ਸਨ। ਨਿੱਜੀ ''ਖ਼ੁਦਾ–ਬਾਪ'' ਤੇ ਕਦੀ ਕਿਸੇ ਦਾ ਗੌਰ ਨਹੀਂ ਕੀਤਾ ਸੀ। ਯਿਸੂ ਨੇ ਖ਼ੁਦਾ ਨੂੰ ਪਿਤਾ ਦੇ ਰੂਪ ਵਿਚ ਵਿਖਾਇਆ (ਮੱਤੀ 7: 11, 12; ਲੂਕਾ 11: 11–13)। ਯਿਸੂ ਨੇ ਖ਼ੁਦਾ ਨੂੰ ''ਪਰਮੇਸ਼ਰ'' ਸਿਰਫ਼ ਸਲੀਬ ਉੱਤੇ ਉਸ ਵਕਤ ਕਿਹਾ ਸੀ, ਜਦ ਖ਼ੁਦਾ ਨੇ ਯਿਸੂ ਨੂੰ ਪਾਪ ਬਣਾ ਦਿੱਤਾ ਸੀ। ਨਵੇਂ ਨੇਮ ਵਿਚ ਖ਼ੁਦਾ ਨੂੰ ਘੱਟੋ ਘੱਟ 360 ਵਾਰ ''ਪਿਤਾ'' ਕਿਹਾ ਗਿਆ ਹੈ। ਖ਼ੁਦਾ ਨਿਆਈ ਹੀ ਨਹੀਂ ਬਲਕਿ ਪ੍ਰੇਮ ਕਰਨ ਵਾਲਾ ਪਿਤਾ ਹੈ। ਹਾਂ, ਚੰਗੇ ਪਿਤਾ ਦੀਆਂ ਕੀਮਤੀ ਯਾਦਾਂ। ਮਾਰਟਿਨ ਲੂਥਰ ਖ਼ੁਦਾ ਨੂੰ ਪਿਤਾ ਦੇ ਰੂਪ ਵਿਚ ਨਹੀਂ

ਸਮਝ ਸਕਿਆ। ਕਿਉਂਕਿ ਉਹ ਇਕ ਕੰਜੂਸ ਪਿਤਾ ਸੀ। ਖ਼ੁਦਾ ਖ਼ੁਦ ਇਕ ਮਹਾਨ ਬਰਕਤ ਹੈ। ਕਿਸੇ ਅਜਿਹੀ ਚੀਜ਼ ਦੀ ਇੱਛਾ ਕਰਨਾ ਜਿਸ ਨੂੰ ਕੋਈ ਬਿਨਾਂ ਚਾਹੇ ਦੇ ਰਿਹਾ ਹੋਵੇ, ਦੋਸਤੀ ਦਾ ਅਪਮਾਨ ਹੈ। ਬਾਗੀ ਉਜਾੜੂ ਪੁੱਤਰ ਆਪਣੇ ਪਿਓ ਦੀ ਦੌਲਤ ਚਾਹੁੰਦਾ ਸੀ ਪਰ ਪਿਤਾ ਨੂੰ ਨਹੀਂ। ਪਸ਼ਚਾਤਾਪੀ ਉਜਾੜੂ ਪੁੱਤਰ ਸਿਰਫ਼ ਪਿਤਾ ਨੂੰ ਚਾਹੁੰਦਾ ਸੀ। ਸੁਰਗ ਖ਼ੁਦਾ ਹੈ! ਖ਼ੁਦਾ ਸਾਡਾ ਪਿਤਾ ਹੈ! ਇਹ ਪ੍ਰੇਮ ਨੂੰ ਪ੍ਰੇਮ ਨਾਲ ਕਬੂਲ ਕਰਨਾ ਹੈ। ਖ਼ੁਦਾ ਜੋ ਬੰਦਗੀ ਦੀ ਵਸਤ ਹੈ, ਬੰਦਗੀ ਦੀ ਪ੍ਰੇਰਣਾ ਬਣ ਜਾਂਦਾ ਹੈ। ਉਸ ਨੂੰ ਵੇਖਣਾ ਉਸ ਨੂੰ ਪ੍ਰੇਮ ਕਰਨਾ ਹੈ। ਉਸ ਨਾਲ ਪ੍ਰੇਮ ਕਰਨਾ ਉਸ ਦੀ ਬੰਦਗੀ ਕਰਨਾ ਹੈ।

''ਅੱਬਾ!'' ਯਿਸੂ ਹੋਰ ਅੱਗੇ ਵਧ ਗਿਆ। ਉਸ ਨੇ ਪਿਤਾ ਲਈ ਅਰਾਮੀ ਭਾਸ਼ਾ ਦੇ ਸ਼ਬਦ ''ਅੱਬਾ'' ਦੀ ਵਰਤੋਂ ਕੀਤੀ। ਯਹੂਦੀ ਬੱਚੇ ਸਭ ਤੋਂ ਪਹਿਲਾਂ ''ਅੱਬਾ'' ਅਤੇ ''ਅੰਮਾ'' ਅਰਥਾਤ ''ਪਾਪਾ'' ਅਤੇ ''ਮਾਮਾ'' ਹੀ ਕਹਿਣਾ ਸਿੱਖਦੇ ਹਨ। ਖ਼ੁਦਾ ਨਾਲ ਯਿਸੂ ਦੇ ਡੂੰਘੇ ਰਿਸ਼ਤੇ ਤੋਂ ਅਸੀਂ ਦੰਗ ਰਹਿ ਜਾਂਦੇ ਹਾਂ। ਐਨਾਂ ਡੂੰਘਾ, ਐਨਾਂ ਨਿੱਜੀ ਸੀ ਇਹ ਰਿਸ਼ਤਾ। ''ਅੱਬਾ'' ਦੀ ਵਰਤੋਂ ਦੀ ਕਿਸੇ ਵੀ ਧਾਰਮਿਕ ਦੁਆ ਵਿਚ ਕੋਈ ਤੁਲਨਾ ਨਹੀਂ ਹੈ। ਇਹ ਖ਼ੁਦਾ ਨਾਲ ਯਿਸੂ ਦੇ ਵਿਲੱਖਣ ਸਬੰਧ ਅਰਥਾਤ ਖ਼ੁਦਾ ਦੇ ਵਿਲੱਖਣ ਪੁੱਤਰ ਦੇ ਰਿਸ਼ਤੇ ਨੂੰ ਦਰਸਾਉਂਦਾ ਹੈ। ਯਿਸੂ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਇਹ ਅਨੋਖਾ ਸਬੰਧ ਸਾਡੇ ਨਾਲ ਹੋਵੇਗਾ (ਵੇਖੋ ਗਲਾਤੀਆਂ 4:6)। *ਦੁਆ ਵਿਚ ਸਭ ਤੋਂ ਵੱਡਾ ਦਾਨ ਖ਼ੁਦਾ ਖ਼ੁਦ ਹੈ!*

*''ਹੇ ਸਾਡੇ ਪਿਤਾ।''* ਯਿਸੂ ਸੰਸਾਰ ਨੂੰ ਖ਼ੁਦਾ ਦਾ ਇਕ ਵਿਲੱਖਣ ਵਿਚਾਰ ਅਰਥਾਤ ਪ੍ਰੇਮੀ ਪਿਤਾ ਦਾ ਵਿਚਾਰ ਦਿੰਦਾ ਹੈ। ਇਸ ਤੋਂ ਨਾ ਸਿਰਫ਼ ਬੁੱਤਪ੍ਰਸਤ ਸੰਸਾਰ, ਬਲਕਿ ਯਹੂਦੀ ਕੌਮ ਵੀ ਦੰਗ ਸੀ। ਯਹੂਦੀ ਲੋਕ ਖ਼ੁਦਾ ਨੂੰ ''ਸਾਡੇ ਪਿਤਾ'' ਦੇ ਰੂਪ ਵਿਚ ਨਹੀਂ ਬਲਕਿ ''ਆਪਣੇ ਪਿਤਾ'' ਦੇ ਰੂਪ ਵਿਚ ਮੰਨਦੇ ਸਨ। ਇਕ ਤਰ੍ਹਾਂ ਨਾਲ ਯਹੂਦੀਆਂ ਨੇ ਯਿਸੂ ਨੂੰ ਸਲੀਬ ਤੇ ਇਸ ਲਈ ਨਹੀਂ ਚੜ੍ਹਾਇਆ ਕਿ ਉਸ ਨੇ ''ਖ਼ੁਦਾ ਦਾ ਪੁੱਤਰ'' ਹੋਣ ਦਾ ਦਾਅਵਾ ਕੀਤਾ ਸੀ। ਮਸੀਹ ਦੇ ਸਮੇਂ ਵਿਚ ਯਹੂਦੀ ਲੋਕ ''ਮਸੀਹਾ'' ਦੀ ਉਡੀਕ ਬੜੀ ਬੇਸਬਰੀ ਨਾਲ ਕਰ ਰਹੇ ਸਨ। ਉਸ ਸਮੇਂ ਬਹੁਤ ਸਾਰੇ ''ਝੂਠੇ ਮਸੀਹ'' ਸਨ। ਇਹ ''ਮਸੀਹਾ'' ਖ਼ੁਦਾ ਅਰਥਾਤ ਖ਼ੁਦਾ ਵੱਲੋਂ ਆਉਣ ਵਾਲਾ ਹੋਣਾ ਸੀ। ਬੁਨਿਆਦੀ ਤੌਰ ਤੇ ਯਹੂਦੀਆਂ ਨੇ ਯਿਸੂ ਨੂੰ ਸਲੀਬ ਤੇ ਇਸੇ ਲਈ ਚੜ੍ਹਾਇਆ ਕਿਉਂਕਿ ਉਹ ''ਮਨੁੱਖ ਦਾ ਪੁੱਤਰ'' ਸੀ। ਉਸਦੇ ਸਰਬ–ਮੁਕਤੀਵਾਦ ਨੇ ਉਨ੍ਹਾਂ ਦੀ ਸੰਕੀਰਣਤਾ ਨੂੰ ਬਰਬਾਦ ਕਰ ਦਿੱਤਾ। ਉਹ ਸਿਰਫ਼ ਉਨ੍ਹਾਂ ਲਈ ਹੀ ਨਹੀਂ ਬਲਕਿ ਸਭ ਲਈ ਧਰਤ ਤੇ ਰਿਹਾ ਅਤੇ ਸਭ ਲਈ ਮਰਿਆ। ਉਹ ਗ਼ੈਰ ਕੌਮਾਂ ਲਈ ਵੀ ਮਰਿਆ। ਘਮੰਡੀ ਯਹੂਦੀ ਇਸ ਸੱਚਾਈ ਨੂੰ ਕਬੂਲ ਨਾ ਕਰ ਸਕੇ। ਪ੍ਰਭੂ ਦੀ ਦੁਆ ਦਾ ਕੇਂਦਰੀ, ਰੇਖਾਂਕਿਤ ਕੀਤਾ ਜਾਣ ਵਾਲਾ ਵਿਸ਼ਾ ਹਰ ਆਦਮੀ ਦਾ ਅਨਮੋਲ ਹੋਣਾ ਹੈ, ਤਾਂ ਵੀ ਦੁਆ ਵਿਚ ਨਿੱਜੀ ਸਰਵਨਾਉਂ ''ਮੈਂ'' ਅਤੇ ''ਮੈਨੂੰ'' ਦੀ ਵਰਤੋਂ ਨਹੀਂ ਹੋਈ ਹੈ। ਇਹ ਵੇਖਣਾ ਸੰਜੀਦਾ ਗੱਲ ਹੈ ਕਿ ਯਿਸੂ ਨੇ ਸਿਖਾਇਆ ਕਿ ਵਿਸ਼ਵਾਸੀ ਦਾ ਉਸ ਨਾਲ ਰਿਸ਼ਤਾ ਹੋਣਾ ਜ਼ਰੂਰੀ ਹੈ, ਜਿਸਦੀ ਬੰਦਗੀ ਕੀਤੀ ਜਾ ਰਹੀ ਹੈ। ਯਿਸੂ ਨੇ ਕਿਹਾ, ''ਕਹੋ, 'ਹੇ ਸਾਡੇ ਪਿਤਾ।' '' ਖ਼ੁਦਾ ਦੇ ਬਾਪ ਹੋਣ ਦੀ ਗੱਲ ਮਨੁੱਖ ਦੇ ਭਾਈਚਾਰੇ ਦੀ ਲੋੜ ਦੇ ਜ਼ੋਰ ਦਿੰਦੀ ਹੈ। ਲੂਕਾ 15 ਅਧਿਆਇ ਵਿਚ ਵੱਡੇ ਪੁੱਤਰ ਲਈ ਇਹੋ ਯੋਗ ਨਾਂਅ ਦੀ, ਸਰਬਸ਼ਕਤੀਮਾਨ ਖ਼ੁਦਾ ਦੀ ਮੁਕੱਮਲ ਪ੍ਰਭੂਤਾ ਦੀ ਵਡਿਆਈ ਕਰੋ।

## "ਤੇਰਾ ਰਾਜ ਆਏ। ਤੇਰੀ ਮਰਜ਼ੀ ਪੂਰੀ ਹੋਵੇ"

ਦੁਆ, ਖ਼ੁਦਾ ਨਾਲ ਸੰਗਤੀ ਰੱਖਣਾ ਹੈ। ਇਹ ਸਿਰਫ਼ ਅਨੁਸ਼ਾਸਨ ਹੀ ਨਹੀਂ ਬਲਕਿ ਦੋਸਤੀ ਹੈ। ਇਹ ਇਕ ਰਿਸ਼ਤਾ ਹੈ ਨਾ ਕਿ ਐਕਟਿੰਗ ਜਾਂ ਵਿਖਾਵਾ। ਅੱਜ ਖ਼ੁਦਾ ਦੇ ਰਾਜ ਦੇ ਸਬੰਧ ਵਿਚ ਕਈ ਗ਼ਲਤੀਆਂ ਕੀਤੀਆਂ ਜਾ ਰਹੀਆਂ ਹਨ: (1) ਕੁਝ ਲੋਕਾਂ ਨੇ ਇਸ ਨੂੰ ਜ਼ਬਤ ਕਰ ਲਿਆ ਹੈ। ਇਸ ਨੂੰ ਸਿਰਫ਼ ਅਣਵੇਖਿਆ ਨਹੀਂ, ਬਲਕਿ ਬੰਦ ਕਰ ਦਿੱਤਾ ਗਿਆ ਹੈ। ''ਰਾਜ'' ਬਾਈਬਲ ਦਾ ਇਕ

ਹੋਰ ਸ਼ਬਦ ਹੈ ਜਿਸ ਨੂੰ ਕਬਾੜਖਾਨੇ ਵਿਚ ਵੇਚ ਦਿੱਤਾ ਗਿਆ ਹੈ। ਥਿਓਲੋਜੀ (ਧਰਮਵਿਗਿਆਨ) ਨੂੰ ਬਾਹਰ ਕੱਢ ਕੇ ਸਾਈਕਾਲੋਜੀ (ਮਨੋਵਿਗਿਆਨ) ਨੂੰ ਅੰਦਰ ਲੈ ਆਂਦਾ ਗਿਆ ਹੈ। ਰਾਜ? ਭੁੱਲ ਜਾਓ। (2) ਦੂਜੇ ਲੋਕ ਇਸ ਨੂੰ ਸੰਸਥਾਗਤ ਬਣਾ ਦਿੰਦੇ ਹਨ। ਰਾਜ ਸਾਡੀ ਜ਼ਿੰਦਗੀ ਵਿਚ ਖ਼ੁਦਾ ਦੇ ਨਿਯਮ, ਸਿੰਘਾਸਨ ਅਤੇ ਇਖ਼ਤਿਆਰ ਹੈ। ਇਸ ਨੂੰ ਮਸੀਹ ਦੀ ਕਲੀਸੀਆ ਬਣ ਕੇ ਜੀਆ ਜਾਂਦਾ ਹੈ।

ਅਸੀਂ ਦੁਆ ਵਿਚ ਅਕਸਰ ਸੋਚਦੇ ਹਾਂ, ''ਮੈ ਖ਼ੁਦਾ ਨੂੰ ਕੁਝ ਕਹਿਣਾ ਹੈ।'' ਯਿਸੂ ਨੇ ਵੇਖਿਆ, ''ਖ਼ੁਦਾ ਨੇ ਤੁਹਾਨੂੰ ਕੁਝ ਕਹਿਣਾ ਹੈ।'' ਦੁਆ ਖ਼ੁਦਾ ਨੂੰ *ਸਾਡੀ* ਮਰਜ਼ੀ ਨੂੰ ਬਰਕਤ ਦੇਣ ਲਈ ਕਹਿਣ ਤੋਂ ਕਿਤੇ ਵਧ ਕੇ ਹੈ ਭਾਵ ਉਹ *ਉਸਦੀ ਮਰਜ਼ੀ* ਨੂੰ ਪੂਰਾ ਕਰਨ ਦੇ ਫ਼ਰਜ਼ ਨੂੰ ਨਿਭਾਉਣ ਬਾਰੇ ਦੱਸਦੀ ਹੈ। ''ਤੇਰੀ ਮਰਜ਼ੀ ਬਦਲ ਜਾਵੇ'' ਨਹੀਂ, ਬਲਕਿ ''ਤੇਰੀ ਮਰਜ਼ੀ ਪੂਰੀ ਹੋਵੇ'' ਵਾਲੀ ਦੁਆ ਕਰਨਾ ਸਿੱਖਣਾ ਜ਼ਰੂਰੀ ਹੈ। ਦੁਆ ਆਪਣੇ ਆਪ ਨੂੰ ਖੁਸ਼ ਕਰਨਾ ਲਈ ਨਹੀਂ ਬਲਕਿ ਖ਼ੁਦਾ ਨੂੰ ਖੁਸ਼ ਕਰਨ ਲਈ ਹੈ। ''ਤੇਰੀ ਮਰਜ਼ੀ ਪੂਰੀ ਹੋਵੇ'' ਮੇਰਾ ਆਪਣੀ ਜ਼ਿੰਦਗੀ ਵਿਚ ਇਖ਼ਤਿਆਰ ਖ਼ੁਦਾ ਨੂੰ ਦੇ ਦੇਣਾ ਹੈ। ਇਹ ਆਤਮ ਸਮਰਪਣ, ਤਿਆਗ, ਮੌਤ ਦਾਅਵਾ ਅਤੇ ਸਮਰਪਣ ਦੀ ਦੁਆ ਹੈ। ਸੱਚੀ ਦੁਆ ਦਾ ਮੂਲ ਨਿਸ਼ਾਨਾ ਇਹ ਕਹਿਣਾ ਹੈ ਕਿ ''ਤੇਰੀ ਮਰਜ਼ੀ ਪੂਰੀ ਹੋਵੇ'' ਅਰਥਾਤ ਇਹ ਬੇਨਤੀ ਕਰਨਾ ਹੈ ਕਿ ''ਹੇ ਪਿਤਾ, ਕੀ ਮੈਂ ਸੁਰਗੀ ਅੱਖਾਂ ਨਾਲ ਧਰਤੀ ਨੂੰ ਵੇਖ ਸਕਦਾ ਹਾਂ?'' ਦੁਆ ਆਤਮ ਸਮਰਪਣ ਹੀ ਹੈ। ਦੁਆ ਚੇਲੇ ਹੋਣ ਦਾ ਸਾਰ ਹੈ। ਜਦ ਤਕ ਅਸੀਂ ਦੁਆ ਵਿਚ ਖ਼ੁਦਾ ਨਾਲ ਮੁਲਾਕਾਤ ਨਹੀ ਕਰਦੀ, ਉਦੋਂ ਤਕ ਅਸੀਂ ਉਸ ਨਾਲ ਮਿਲ ਨਹੀਂ ਸਕਦੇ। ਮੈਂ ਇਹੋ ਜਿਹਾ ਬੱਚਾ ਬਣਨਾ ਚਾਹੁੰਦਾ ਹਾਂ ਜਿਹੜਾ ਖ਼ੁਦਾ ਨੂੰ ਪਸੰਦ ਕਰਦਾ ਹੋਵੇ। ''ਤੇਰੀ ਮਰਜ਼ੀ ਪੂਰੀ ਹੋਵੇ।'' ''ਖ਼ੁਦਾ ਦਾ ਰਾਜ ਆਉਣ'' ਤੇ ਹੀ ਉਸ ਦੀ ਮਰਜ਼ੀ ਪੂਰੀ ਹੋ ਸਕਦੀ ਹੈ। ਦੁਆ ''ਖ਼ੁਦਾ ਦੀ ਮਦਦ ਨਾਲ ਮੇਰੀ ਮਰਜ਼ੀ ਪੂਰੀ ਹੋਵੇ'' ਨਹੀਂ, ਬਲਕਿ ''ਮੇਰੀ ਮਦਦ ਨਾਲ ਤੇਰੀ ਮਰਜ਼ੀ ਪੂਰੀ ਹੋਵੇ'' ਹੈ। ਰਾਜ ਵਿਚ ਹੋਣ ਦਾ ਅਰਥ ਖ਼ੁਦਾ ਨੂੰ ਰਾਜਾ ਮੰਨਣਾ ਹੈ। ਮਸੀਹ ਦਾ ਮਨ ਸਿਰਫ਼ ਇਕ ਹੀ ਤਰਫ਼ ਕੰਮ ਕਰਦਾ ਸੀ ਕਿ ਖ਼ੁਦਾ ਦੀ ਮਰਜ਼ੀ ਨੂੰ ਪੂਰਿਆਂ ਕਰੇ। ਧਰਮ ਉਹ ਬੱਸ ਨਹੀਂ ਹੈ ਜਿਹੜੀ ਉਧਰ ਹੀ ਜਾਂਦੀ ਹੋਵੇ; ਜਿਧਰ ਤੁਸਾਂ ਜਾਣਾ ਹੈ, ਅਤੇ ਤੁਸੀਂ ਉਸ ਤੇ ਚੜ੍ਹ ਜਾਓ। ਜੌਨ ਵੈਸਲੀ ਨੇ ਕਿਹਾ ਸੀ, ''ਸਾਨੂੰ ਜਿਸ ਗੱਲ ਦੀ ਲੋੜ ਹੈ, ਉਹ ਖ਼ੁਦਾ ਦੀ ਪੂਰੀ ਮਰਜ਼ੀ ਨੂੰ ਉਸ ਪੱਕੇ ਇਰਾਦੇ ਨਾਲ ਪੂਰਾ ਕਰਨ ਲਈ ਜਾਣਨਾ ਹੈ।'' ਸਾਨੂੰ ਇਕ ਸ਼ਾਇਰ ਵਾਂਗ ਦੁਆ ਕਰਨੀ ਚਾਹੀਦੀ ਹੈ; ਜਿਸਨੇ ਦੁਆ ਕੀਤੀ ਸੀ: '' ... ਮੇਰਾ ਮੇਰੇ ਵਿਚ ਕੁਝ ਨਾ ਰਹਿਣ ਦੇ।'' ਦੋ ਤੱਥ ਯਾਦ ਰੱਖਣੇ ਜ਼ਰੂਰੀ ਹਨ: (1) ਜੇ ਅਸੀਂ ਸੁਣੀਏ ਤਾਂ ਖੁਦਾ ਦੀ ਸੁਣ ਸਕਦੇ ਹਾਂ, ਅਤੇ (2) ਖ਼ੁਦਾ ਦੀ ਮਰਜ਼ੀ ਦੇ ਮੁਤਾਬਕ ਕੰਮ ਕਰਕੇ ਮਸੀਹੀ ਲੋਕ ਕੁਝ ਵੀ ਕਰ ਸਕਦੇ ਹਨ।

## "ਸਾਡੇ ਰੋਜ਼ ਦੀ ਰੋਟੀ ਅੱਜ ਸਾਨੂੰ ਦੇ"

ਧਰਮ ਕੁਝ ਲੋਕਾਂ ਲਈ ਅਜੀਬ ਕੰਮ ਕਰਦਾ ਹੈ। ''ਅਤਿ ਧਾਰਮਿਕ ਲੋਕ'' ਇਹ ਵੇਖ ਕੇ ਕਿ ਸੰਸਾਰਿਕ ਲੋੜਾਂ ਰੂਹਾਨੀ ਮਾਮਲਿਆਂ ਨਾਲ ਕਿਵੇਂ ਜੁੜੀਆਂ ਹਨ, ਦੰਗ ਹੁੰਦੇ ਹਨ। ਬਹੁਤ ਸਾਰੇ ਲੋਕ ''ਇੰਨੇ ਸੁਰਗੀ ਮਨ ਦੇ ਹੁੰਦੇ ਹਨ ਕਿ ਉਹ ਧਰਤੀ ਦੇ ਕਿਸੇ ਕੰਮ ਦੇ ਨਹੀਂ।'' ਸਾਨੂੰ ਅਜਿਹੀ ਕੋਈ ਗੱਲ ਪਰੇਸ਼ਾਨ ਨਹੀਂ ਕਰਦੀ ਜਿਹੜੀ ਪਿਤਾ ਨੂੰ ਪਰੇਸ਼ਾਨ ਕਰਦੀ ਹੋਵੇ। ਇਸ ਮਹਾਨ ਦੁਆ ਦੇ ਕੇਂਦਰ ਵਿਚ ਯਿਸੂ ਨੇ ਅਚਾਨਕ ਖ਼ੁਦਾ ਦੀ ਮਰਜ਼ੀ ਦੇ ਨਾਲ ਦੁਨਿਆਵੀ ਰੋਟੀ ਵੱਲ ਮੋੜ ਦਿੱਤਾ। ਕਿੰਨਾ ਅਜੀਬ ਮੁਕਤੀਦਾਤਾ ਹੈ। ਕਿੰਨੀ ਅਜੀਬ ਦੁਆ ਹੈ। ਖ਼ੁਦਾ ਲਈ ਕੋਈ ਵੀ ਗੱਲ ਆਮ ਨਹੀਂ ਹੈ।

ਜਿਸ ਰੋਟੀ ਦਾ ਇੱਥੇ ਜ਼ਿਕਰ ਹੈ, ਉਹ ''ਰੋਜ਼'' ਦੀ ਰੋਟੀ ਸੀ। ''ਯਿਸੂ ਨੇ ਕੱਲ ਲਈ ਰੋਟੀ'' ਲਈ ਦੁਆ ਨਹੀਂ ਕੀਤੀ। ਉਸਨੇ ਕੇਕ ਜਾਂ ਮਸਾਲਿਆਂ ਲਈ ਨਹੀਂ ਬਲਕਿ ਰੋਟੀ ਵਾਸਤੇ ਦੁਆ ਕੀਤੀ। ਮੰਨਾ ਦਿਨ ਵਿਚ ਸਿਰਫ਼ ਇੱਕੋ ਵਾਰ ਇਕੱਠਾ ਕੀਤਾ ਜਾ ਸਕਦਾ ਸੀ। ਖ਼ੁਦਾ ਸਾਡੇ ਲਈ ਰੋਜ਼ ਮੁਹੱਈਆ ਕਰਾਉਂਦਾ ਹੈ। ਇਹ ਸਾਡਾ ਵਿਸ਼ਵਾਸ ਹੈ।

ਸਾਡੇ ਲਈ ਇਸ ਨੂੰ ਸਮਝਣਾ ਮੁਸ਼ਕਿਲ ਹੈ। ਯਿਸੂ ਦੇ ਸਮੇਂ ਵਾਂਗ ਸੰਸਾਰ ਦੇ ਹਿੱਸਿਆਂ ਵਿਚ ਅੱਜ ਵੀ ਹੁੰਦਾ ਹੈ; ਲੋਕ ਰੋਜ਼ ਦੀ ਰੋਟੀ ਕਮਾ ਕੇ ਖਾਂਦੇ ਹਨ। ਬਹੁਤਾਇਤ ਇਨਸਾਨ ਨੂੰ ਧੋਖਾ ਦਿੰਦੀ ਹੈ। ਬਹੁਤਾਇਤ ਵਾਲੇ ਲੋਕਾਂ ਕੋਲ ਲੋੜ ਮੁਤਾਬਕ ਹੁੰਦਾ ਹੈ; ਸ਼ਾਇਦ ਲੋੜ ਤੋਂ ਵੀ ਵੱਧ। ਉਹ ਅਮੀਰ ਹਨ ਅਤੇ ਉਨ੍ਹਾਂ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ; ਤਾਂ ਵੀ ਅਸੀਂ ਜ਼ਿੰਦਾ ਰਹਿੰਦੇ ਅਤੇ ਚੱਲਦੇ ਫਿਰਦੇ ਸਿਰਫ਼ ਖ਼ੁਦਾ ਵਿਚ ਹੀ ਹਾਂ (ਰਸੂਲਾਂ ਦੇ ਕੰਮ 17:28)। ਮਨੁੱਖ ਨੂੰ ਉਸ ਦੀ ਰੋਜ਼ ਦੀ ਰੋਟੀ ਦੀ ਅਤੇ ਖ਼ੁਦਾ ਦੀ ਲੋੜ ਹੈ।

## "ਸਾਡੇ ਗੁਨਾਹਾਂ ਨੂੰ ਮਾਫ਼ ਕਰ"

ਯਿਸੂ ਕਿੰਨਾ ਸਮਝਦਾਰ ਸੀ। ਕਿੰਨਾ ਵਿਹਾਰਕ ਸੀ। ''ਮਾਫ਼ ਕਰਨਾ ਜਾਂ ਨਾ ਕਰਨਾ, ਇਹੀ ਸਵਾਲ ਹੈ।'' ਰੋਜ਼ ਦੀ ਰੋਟੀ ਚਾਹੁਣ ਵਾਲੇ ਆਦਮੀ ਨੂੰ ਰੋਜ਼ ਮਾਫ਼ੀ ਦੀ ਲੋੜ ਹੁੰਦੀ ਹੈ। ਸਾਨੂੰ ਦਿਨ ਵਿਚ ਇੱਕੋ ਵਾਰ ਬਚਾਇਆ ਜਾਂਦਾ ਹੈ। ਮਾਫ਼ ਕਰਨ ਲਈ ਪਹਿਲਾਂ ਮਾਫ਼ ਕੀਤੇ ਜਾਣਾ ਜ਼ਰੂਰੀ ਹੈ। ਮਾਫ਼ੀ ਪਾਉਣ ਲਈ ਪਹਿਲਾਂ ਮਾਫ਼ ਕਰਨ ਦੀ ਲੋੜ ਹੈ। ਜਿਹੜੀ ਦੁਆ ਅਸੀਂ ਕਰਦੇ ਹਾਂ ਉਸ ਨੂੰ ਵਿਹਾਰ ਵਿਚ ਲਿਆਉਣਾ ਜ਼ਰੂਰੀ ਹੈ। ਮਾਫ਼ੀ ਦਾ ਰਾਜ਼ ਕੀ ਹੈ? ਸਾਡੇ ਲਈ ਇਹ ਵੇਖਣਾ ਜ਼ਰੂਰੀ ਹੈ ਕਿ ਖ਼ੁਦਾ ਨੇ ਸਾਨੂੰ ਮਾਫ਼ ਕੀਤਾ ਹੈ। ਸਾਨੂੰ ਉਸ ਪੁਲ ਦਾ ਨਾਸ ਨਹੀਂ ਕਰਨਾ ਚਾਹੀਦਾ ਜਿਸ ਉੱਤੋਂ ਸਭ ਲੋਕਾਂ ਨੇ ਲੰਘਣਾ ਹੈ। ਯਿਸੂ ਨੇ ਇਸ ਦੁਆ ਵਿਚ ਮਾਫ਼ੀ ਉੱਤੇ ਜ਼ੋਰ ਦਿੱਤਾ ਹੈ। ਮੈਨੂੰ ਖ਼ੁਦਾ ਤੋਂ ਮਾਫ਼ੀ ਦੀ ਲੋੜ ਹੈ। ਮੇਰਾ ਤੁਹਾਨੂੰ ਮਾਫ਼ ਕਰਨਾ ਜ਼ਰੂਰੀ ਹੈ। ਜ਼ਿੰਦਗੀ ਵਿਚ ਇਹੀ ਪਹੇਲੀ ਹੈ! ਤੌਬਾ ਕਰਨਾ; ਇਕਰਾਰ ਕਰਨਾ, ਲਚਾਰ ਹੋਣਾ ਔਖੀ ਗੱਲ ਹੈ। ਸ਼ਾਇਦ ਸਭ ਤੋਂ ਮੁਸ਼ਕਿਲ ਗੱਲ, ''ਜਿਵੇਂ ਅਸੀਂ ਆਪਣੇ ਕਸੂਰਵਾਰਾਂ ਨੂੰ ਮਾਫ਼ ਕੀਤਾ'' ਹੈ।

ਕੀ ਅਸੀਂ ਖ਼ੁਦਾ ਦੀ ਮਾਫ਼ੀ ਕਬੂਲ ਕਰ ਸਕਦੇ ਹਾਂ? ਕੀ ਅਸੀਂ ਦੂਜਿਆਂ ਨੂੰ ਮਾਫ਼ ਕਰ ਸਕਦੇ ਹਾਂ? *ਅਜ਼ਮਾਇਸ਼ਾਂ ਬਹੁਤ ਹਨ।* ਜ਼ਿੰਦਗੀ ਖ਼ਤਰਨਾਕ ਹੈ। ਸ਼ੈਤਾਨ ਹੈਗਾ ਅਤੇ ਧਰਤੀ ਤੇ ਭਲਾ ਚੰਗਾ ਹੈ। ਯਿਸੂ ਨੇ ਜਿੰਨੀਆਂ ਬੇਨਤੀਆਂ ਸ਼ਾਮਿਲ ਕੀਤੀਆਂ ਹਨ; ਉਹ ਸਭ ਲੋੜਾਂ ਨੂੰ ਮੰਨਣਾ ਹੈ। ਅਸੀਂ ਬੇਬੱਸ ਗੁਆਚੇ ਹੋਏ ਹਾਂ। ਸਾਨੂੰ ਖੁਦਾ ਦੀ ਲੋੜ ਹੈ। ਸਾਨੂੰ ਮਦਦ ਦੀ ਲੋੜ ਹੈ। ਖ਼ੁਦਾ ਦੀ ਅਗਵਾਈ ਸਾਡੀ ਹਿਫ਼ਾਜ਼ਤ ਹੈ। ਉਹ ਨਾ ਸਿਰਫ਼ ਸਾਨੂੰ ਸਾਡੀ ਸਮਰੱਥਾ ਤੋਂ ਬਾਹਰ ਪਰੀਖਿਆ ਵਿਚ ਪੈਣ ਤੋਂ ਬਚਾਏਗਾ, ਬਲਕਿ ਬਚ ਜਾਣ ਦਾ ਰਸਤਾ ਵੀ ਦੱਸੇਗਾ (1 ਕੁਰਿੰਥੀਆਂ 10:12, 13)। ਅਸੀਂ ਦੇਰ ਤਕ ਜ਼ੋਰ–ਜ਼ੋਰ ਨਾਲ ਦੁਆ ਕਰਦੇ ਹਾਂ। ਯਿਸੂ ਨੇ ਦੁਆ ਸਿਰਫ਼ ਛੇ ਵਾਕਾਂ ਵਿਚ ਸਿਖਾਈ। ਇਹ ਦੁਆ ਕਰਨਾ ਸਾਡੇ ਮਨਾ ਵਿਚ ਦੀਨਤਾ ਅਤੇ ਉਹ ਨਿਰਭਰਤਾ ਲਿਆ ਸਕਦਾ ਹੈ, ਜਿਹੜੀ ਲੰਮੀਆਂ ਦੁਆਵਾਂ ਨਾਲ ਸ਼ਾਇਦ ਨਾ ਆਏ।

ਯਿਸੂ ਨੇ ਇਸ ਦੁਆ ਦੀ ਸ਼ੁਰੂਆਤ ਖ਼ੁਦਾ ਨਾਲ ਕੀਤੀ; ਇਸ ਦੀ ਸਮਾਪਤੀ ਵੀ ਉਸ ਨੇ ਖ਼ੁਦਾ ਨਾਲ ਹੀ ਕੀਤੀ: ''ਕਿਉਂਕਿ ਰਾਜ, ਕੁਦਰਤ, ਅਤੇ ਜਲਾਲ ਸਦਾ ਤੇਰੇ ਹਨ। ... '' (ਮੱਤੀ 6:13)। *ਆਮੀਨ ਅਤੇ ਆਮੀਨ!*

**"ਹੇ ਪ੍ਰਭੂ, ਮੇਰਾ ਯਕੀਨ ਦੁਆ ਵਿਚ ਨਹੀਂ ਹੈ। ਮੇਰਾ ਯਕੀਨ ਤੇਰੇ ਉੱਤੇ ਹੈ।<br>ਮੈਨੂੰ ਯਕੀਨ ਨਾਲ ਦੁਆ ਕਰਨਾ ਸਿਖਾ ਦੇ।"**